ਧਾਰਮਿਕ ਗਿਆਨ

ਜਮਾਤ- ਚੌਥੀ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਵਿਸ਼ਵ ਨਾਮਧਾਰੀ ਸੰਗਤ

ਸ੍ਰੀ ਭੈਣੀ ਸਾਹਿਬ

ਸਾਧ ਸੰਗਤ ਵਿੱਚ ਜ਼ਰੂਰ ਆਉਣਾ
ਚਾਹੀਦਾ ਹੈ, ਭਜਨ ਕਰਨਾ ਚਾਹੀਦਾ ਹੈ,
ਬਾਣੀ ਪੜ੍ਹਨੀ ਚਾਹੀਦੀ ਹੈ, ਉਹਦੇ ਵਿੱਚੋਂ
ਕੋਈ ਨਾ ਕੋਈ, ਕਿਸੇ ਨਾ ਕਿਸੇ ਤੁਕ ਦਾ
ਅਸਰ ਸਾਡੇ ਮਨ 'ਤੇ ਹੋ ਜਾਵੇ,
ਤੇ ਇਹਦੇ ਨਾਲ ਹੀ ਸਾਡਾ ਜੀਵਨ
ਸੌਰ ਜਾਵੇ ਤਾਂ ਬਹੁਤ ਵਧੀਆ ਗੱਲ ਹੈ।

ਉਪਦੇਸ਼–
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਧਾਰਮਿਕ ਗਿਆਨ

ਜਮਾਤ- ਚੌਥੀ

ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ

ਪਹਿਲੀ ਵਾਰ- 2019
ਗਿਣਤੀ- 500

ਕੀਮਤ : 100/-

ਛਾਪਕ :
ਫੋਇਲ ਪ੍ਰਿੰਟਰਜ਼
ਗੋਬਿੰਦ ਨਗਰ, ਲੁਧਿਆਣਾ

ਪ੍ਰਕਾਸ਼ਕ :
ਨਾਮਧਾਰੀ ਦਰਬਾਰ
ਗੁਰਦੁਆਰਾ ਸ੍ਰੀ ਭੈਣੀ ਸਾਹਿਬ
ਲੁਧਿਆਣਾ, ਪੰਜਾਬ-141126

ਦੋ ਸ਼ਬਦ

ਇਹ ਪਾਠ ਪੁਸਤਕਾਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਤਿਆਰ ਕੀਤੀਆਂ ਗਈਆਂ ਹਨ। ਇਸ ਪਿੱਛੇ ਮਨੋਰਥ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸ਼ੁਭ ਅਮਲਾਂ ਨਾਲ ਜੋੜਨਾ ਹੈ।

ਇਨ੍ਹਾਂ ਪਾਠ ਪੁਸਤਕਾਂ ਲਈ ਕੋਈ ਜ਼ਰੂਰੀ ਸੁਝਾਅ ਹੋਵੇ ਤਾਂ ਅਗਲੇ ਐਡੀਸ਼ਨ ਲਈ ਉਹਨਾਂ ਦਾ ਸੁਆਗਤ ਹੋਵੇਗਾ।

ਪ੍ਰਿੰ. ਸਤਵੰਤ ਕੌਰ

ਸੰਪ: 92125-94349

....

ਤਤਕਰਾ

ਜਪੁਜੀ ਸਾਹਿਬ

ੴ

ਸਤਿਨਾਮੁ ਕਰਤਾ ਪੁਰਖੁ

ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ

ਗੁਰ ਪ੍ਰਸਾਦਿ ॥

॥ ਜਪੁ ॥

ਆਦਿ ਸਚੁ ਜੁਗਾਦਿ ਸਚੁ ॥

ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥

ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥
ਗਾਵੈ ਕੋ ਦਾਤਿ ਜਾਣੈ ਨੀਸਾਣੁ ॥
ਗਾਵੈ ਕੋ ਗੁਣ ਵਡਿਆਈਆ ਚਾਰ ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥
ਗਾਵੈ ਕੋ ਸਾਜਿ ਕਰੇ ਤਨੁ ਖੇਹ ॥
ਗਾਵੈ ਕੋ ਜੀਅ ਲੈ ਫਿਰਿ ਦੇਹ ॥
ਗਾਵੈ ਕੋ ਜਾਪੈ ਦਿਸੈ ਦੂਰਿ ।
ਗਾਵੈ ਕੋ ਵੇਖੈ ਹਾਦਰਾ ਹਦੂਰਿ ॥
ਕਥਨਾ ਕਥੀ ਨ ਆਵੈ ਤੋਟਿ ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥
ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥
ਹੁਕਮੀ ਹੁਕਮੁ ਚਲਾਏ ਰਾਹੁ ॥
ਨਾਨਕ ਵਿਗਸੈ ਵੇਪਰਵਾਹੁ ॥੩॥

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥

ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥
ਨਾਨਕ ਗਾਵੀਐ ਗੁਣੀ ਨਿਧਾਨੁ ॥
ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥
ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥
ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥
ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇੱਕ ਗੁਰ ਕੀ ਸਿਖ ਸੁਣੀ॥
ਗੁਰਾ ਇਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥ ੬॥

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥
ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥
ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥
ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥੭॥

ਸੁਣਿਐ ਸਿਧ ਪੀਰ ਸੁਰਿ ਨਾਥ॥ ਸੁਣਿਐ ਧਰਤਿ ਧਵਲ ਆਕਾਸ॥
ਸੁਣਿਐ ਦੀਪ ਲੋਅ ਪਾਤਾਲ॥ ਸੁਣਿਐ ਪੋਹਿ ਨ ਸਕੈ ਕਾਲੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੮॥

ਸੁਣਿਐ ਈਸਰੁ ਬਰਮਾ ਇੰਦੁ॥ ਸੁਣਿਐ ਮੁਖਿ ਸਾਲਾਹਣ ਮੰਦੁ॥
ਸੁਣਿਐ ਜੋਗ ਜੁਗਤਿ ਤਨਿ ਭੇਦ॥ ਸੁਣਿਐ ਸਾਸਤ ਸਿਮ੍ਰਿਤਿ ਵੇਦ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੯॥

ਸੁਣਿਐ ਸਤੁ ਸੰਤੋਖੁ ਗਿਆਨੁ॥ ਸੁਣਿਐ ਅਠਸਠਿ ਕਾ ਇਸਨਾਨੁ॥
ਸੁਣਿਐ ਪੜਿ ਪੜਿ ਪਾਵਹਿ ਮਾਨੁ॥ ਸੁਣਿਐ ਲਾਗੈ ਸਹਜਿ ਧਿਆਨੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੧੦॥

ਸੁਣਿਐ ਸਰਾ ਗੁਣਾ ਕੇ ਗਾਹ॥ ਸੁਣਿਐ ਸੇਖ ਪੀਰ ਪਾਤਿਸਾਹ॥
ਸੁਣਿਐ ਅੰਧੇ ਪਾਵਹਿ ਰਾਹੁ॥ ਸੁਣਿਐ ਹਾਥ ਹੋਵੈ ਅਸਗਾਹੁ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥੧੧॥

ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥ ਕਾਗਦਿ ਕਲਮ ਨ ਲਿਖਣਹਾਰੁ॥
ਮੰਨੇ ਕਾ ਬਹਿ ਕਰਨਿ ਵੀਚਾਰੁ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੨॥

ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ॥ ਮੰਨੈ ਮੁਹਿ ਚੋਟਾ ਨਾ ਖਾਇ॥
ਮੰਨੈ ਜਮ ਕੈ ਸਾਥਿ ਨ ਜਾਇ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੩॥

ਮੰਨੈ ਮਾਰਗਿ ਠਾਕ ਨ ਪਾਇ॥ ਮੰਨੈ ਪਤਿ ਸਿਉ ਪਰਗਟੁ ਜਾਇ॥ ਮੰਨੈ ਮਗੁ ਨ ਚਲੈ ਪੰਥੁ॥
ਮੰਨੈ ਧਰਮ ਸੇਤੀ ਸਨਬੰਧੁ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੪॥

ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥ ਮੰਨੈ ਤਰੈ ਤਾਰੇ ਗੁਰੁ ਸਿਖ॥
ਮੰਨੈ ਨਾਨਕ ਭਵਹਿ ਨ ਭਿਖ॥ ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥ ੧੫॥

ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥ ਪੰਚੇ ਸੋਹਹਿ ਦਰਿ ਰਾਜਾਨੁ॥
ਪੰਚਾ ਕਾ ਗੁਰੁ ਏਕੁ ਧਿਆਨੁ॥ ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ॥
ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ ਜੇ ਕੋ ਬੁਝੈ ਹੋਵੈ ਸਚਿਆਰੁ॥
ਧਵਲੈ ਉਪਰਿ ਕੇਤਾ ਭਾਰੁ॥ ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥
ਜੀਅ ਜਾਤਿ ਰੰਗਾ ਕੇ ਨਾਵ॥ ਸਭਨਾ ਲਿਖਿਆ ਵੁੜੀ ਕਲਾਮ॥ ਏਹੁ ਲੇਖਾ ਲਿਖਿ ਜਾਣੈ ਕੋਇ॥
ਲੇਖਾ ਲਿਖਿਆ ਕੇਤਾ ਹੋਇ॥ ਕੇਤਾ ਤਾਣੁ ਸੁਆਲਿਹੁ ਰੂਪੁ॥ ਕੇਤੀ ਦਾਤਿ ਜਾਣੈ ਕੌਣੁ ਕੂਤੁ॥
ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥ ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥ ੧੬॥

ਅਸੰਖ ਜਪ ਅਸੰਖ ਭਾਉ॥ ਅਸੰਖ ਪੂਜਾ ਅਸੰਖ ਤਪ ਤਾਉ॥
ਅਸੰਖ ਗਰੰਥ ਮੁਖਿ ਵੇਦ ਪਾਠ॥ ਅਸੰਖ ਜੋਗ ਮਨਿ ਰਹਹਿ ਉਦਾਸ॥
ਅਸੰਖ ਭਗਤ ਗੁਣ ਗਿਆਨ ਵੀਚਾਰ॥ ਅਸੰਖ ਸਤੀ ਅਸੰਖ ਦਾਤਾਰ॥

ਅਸੰਖ ਸੂਰ ਮੁਹ ਭਖ ਸਾਰ॥ ਅਸੰਖ ਮੋਨਿ ਲਿਵ ਲਾਇ ਤਾਰ॥
ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥ ੧੭॥


ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥
ਅਸੰਖ ਅਮਰ ਕਰਿ ਜਾਹਿ ਜੋਰ॥ ਅਸੰਖ ਗਲਵਢ ਹਤਿਆ ਕਮਾਹਿ॥
ਅਸੰਖ ਪਾਪੀ ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ ਕੂੜੇ ਫਿਰਾਹਿ॥
ਅਸੰਖ ਮਲੇਛ ਮਲੁ ਭਖਿ ਖਾਹਿ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ॥
ਨਾਨਕੁ ਨੀਚੁ ਕਹੈ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥੧੮॥

ਅਸੰਖ ਨਾਵ ਅਸੰਖ ਥਾਵ॥ ਅਗੰਮ ਅਗੰਮ ਅਸੰਖ ਲੋਅ॥
ਅਸੰਖ ਕਹਹਿ ਸਿਰਿ ਭਾਰੁ ਹੋਇ॥ ਅਖਰੀ ਨਾਮੁ ਅਖਰੀ ਸਾਲਾਹ॥
ਅਖਰੀ ਗਿਆਨੁ ਗੀਤ ਗੁਣ ਗਾਹ॥ ਅਖਰੀ ਲਿਖਣੁ ਬੋਲਣੁ ਬਾਣਿ॥
ਅਖਰਾ ਸਿਰਿ ਸੰਜੋਗੁ ਵਖਾਣਿ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥
ਜਿਵ ਫੁਰਮਾਏ ਤਿਵ ਤਿਵ ਪਾਹਿ॥ ਜੇਤਾ ਕੀਤਾ ਤੇਤਾ ਨਾਉ॥
ਵਿਣੁ ਨਾਵੈ ਨਾਹੀ ਕੋ ਥਾਉ॥ ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥ ੧੯॥

ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥ ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥ ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥
ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥
ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥ ੨੦॥

ਗੂੰਗੇ ਤੋਂ ਗੀਤਾ ਦੇ ਅਰਥ ਕਰਵਾਉਣੇ

ਸ੍ਰੀ ਸਤਿਗੁਰੂ ਹਰਿਕ੍ਰਿਸ਼ਨ ਜੀ ਔਰੰਗਜ਼ੇਬ ਦੇ ਸੱਦੇ 'ਤੇ ਕੀਰਤਪੁਰ ਤੋਂ ਦਿੱਲੀ ਜਾ ਰਹੇ ਸਨ । ਜਿਲ੍ਹਾ ਅੰਬਾਲਾ ਦੇ ਪਿੰਡ ਪੰਜੋਖਰੇ ਵਿੱਚ ਡੇਰਾ ਕੀਤਾ । ਰਾਤ ਪੈਣ 'ਤੇ ਉਥੋਂ ਦਾ ਰਹਿਣ ਵਾਲਾ ਇਕ ਹੰਕਾਰੀ ਬ੍ਰਾਹਮਣ 'ਲਾਲ ਚੰਦ' ਗੁਰੂ ਜੀ ਕੋਲ ਆ ਕੇ ਕਹਿਣ ਲੱਗਾ



"ਇਕ ਤਾਂ ਤੁਸੀਂ ਛੋਟੀ ਉਮਰ ਵਿਚ ਗੁਰੂ ਬਣੀ ਬੈਠੇ ਹੋ, ਦੂਸਰਾ ਤੁਸਾਂ ਭਗਵਾਨ ਕ੍ਰਿਸ਼ਨ ਤੋਂ ਵੀ ਵੱਡਾ ਨਾਂ ਹਰਿਕ੍ਰਿਸ਼ਨ ਰੱਖਿਆ ਹੈ । ਭਗਵਾਨ ਕ੍ਰਿਸ਼ਨ ਨੇ ਗੀਤਾ ਰਚੀ, ਤੁਸੀਂ ਉਹਨਾਂ ਨਾਲੋਂ ਵੀ ਆਪਣੇ ਆਪ ਨੂੰ ਵੱਡਾ ਸਮਝਦੇ ਹੋ। ਮੈਂ ਤੁਹਾਨੂੰ ਤਾਂ ਹੀ ਮੰਨਾਂਗਾ ਜੇ ਗੀਤਾ ਦੇ ਸ਼ਲੋਕਾਂ ਦੇ ਅਰਥ ਕਰ ਕੇ ਦੱਸੋਗੇ।" ਸਤਿਗੁਰੂ ਜੀ ਬਚਨ ਕੀਤਾ, "ਤੁਸੀਂ ਇਕ ਮੂਰਖ ਆਦਮੀ ਨੂੰ ਲੈ ਆਉ, ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਉਸ ਤੋਂ ਵੀ ਅਰਥ ਕਰਾ ਦੇਵਾਂਗੇ।"

ਉਹ ਪਿੰਡ ਵਿੱਚੋਂ ਝੀਵਰਾਂ ਦੇ ਗੂੰਗੇ ਬੋਲੇ 'ਛੱਜੂ' ਨਾਮ ਦੇ ਲੜਕੇ ਨੂੰ ਲੈ ਆਇਆ । ਸਤਿਗੁਰੂ ਜੀ ਨੇ ਆਪਣੀ ਆਤਮਿਕ ਸ਼ਕਤੀ ਨਾਲ ਉਸ ਗੂੰਗੇ ਦੇ ਸਿਰ 'ਤੇ ਆਪਣੀ ਛੜੀ ਰੱਖ ਦਿੱਤੀ ਅਤੇ ਗੀਤਾ ਦੇ ਅਰਥ

ਕਰਾ ਦਿੱਤੇ । ਪੰਡਿਤ ਜਿਹੜਾ ਵੀ ਸ਼ਲੋਕ ਪੜ੍ਹੇ ਉਹ ਉਸ ਦੇ ਹੀ ਅਰਥ ਕਰੀ ਜਾਵੇ। ਉਸ ਉੱਤੇ ਇਤਨੀ ਕਿਰਪਾ ਕੀਤੀ ਕਿ ਉਸ ਦਾ ਗੂੰਗਾ ਅਤੇ ਬੋਲਾਪਨ ਦੂਰ ਕਰ ਦਿੱਤਾ ਅਤੇ ਵਿਦਵਾਨ ਬਣਾ ਦਿੱਤਾ ।

ਇਹ ਕੌਤਕ ਵੇਖ ਕੇ 'ਲਾਲ ਚੰਦ' ਦਾ ਹੰਕਾਰ ਟੁੱਟ ਗਿਆ ਤੇ ਉਹ ਸਤਿਗੁਰੂ ਜੀ ਦੇ ਚਰਨੀਂ ਲੱਗਾ ਅਤੇ ਸਿੱਖ ਬਣ ਗਿਆ ।

ਪ੍ਰਸ਼ਨ:-

1. ਸਤਿਗੁਰੂ ਹਰਿਕਿਸ਼ਨ ਜੀ ਔਰੰਗਜ਼ੇਬ ਦੇ ਸੱਦੇ 'ਤੇ ਕਿੱਥੇ ਜਾ ਰਹੇ ਸਨ ?

2. ਹੰਕਾਰੀ ਬ੍ਰਾਹਮਣ ਦਾ ਨਾਂ ਕੀ ਸੀ ?

3. ਬ੍ਰਾਹਮਣ ਲਾਲ ਚੰਦ ਨੇ ਸਤਿਗੁਰੂ ਜੀ ਨੂੰ ਕੀ ਚੁਣੌਤੀ ਦਿੱਤੀ ।

4. ਸਤਿਗੁਰੂ ਜੀ ਨੇ ਕੀ ਹੁਕਮ ਕੀਤਾ ?

5. ਸਤਿਗੁਰੂ ਜੀ ਨੇ ਛੱਜੂ ਦੇ ਸਿਰ 'ਤੇ ਛੜੀ ਰੱਖ ਕੇ ਕੀ ਕਰਵਾਇਆ ?

ਦਾਮਨ ਸੰਭਾਲ ਕੇ ਚੱਲਿਆ ਕਰੋ

ਗੁਰੂ ਹਰਿ ਰਾਇ ਜੀ, ਬਾਲ ਉਮਰ ਵਿੱਚ ਕੀਰਤਪੁਰ ਵਿਖੇ ਬਗੀਚੇ ਵਿੱਚ ਜਾ ਰਹੇ ਸਨ। ਉਹਨਾਂ ਦੇ ਚੋਲੇ ਨਾਲ ਅੜ ਕੇ ਇਕ ਫੁੱਲ ਟੁੱਟ ਕੇ ਜ਼ਮੀਨ 'ਤੇ ਡਿੱਗ ਗਿਆ।

ਗੁਰੂ ਹਰਿ ਗੋਬਿੰਦ ਜੀ ਨੇ ਫੁੱਲ ਟੁੱਟਿਆ ਵੇਖ ਕੇ, ਹਰਿ ਰਾਇ ਜੀ ਨੂੰ ਆਪਣੇ ਕੋਲ



ਬੁਲਾ ਲਿਆ।

ਹੁਕਮ ਕੀਤਾ, "ਆਪਣਾ ਦਾਮਨ ਸੰਭਾਲ ਕੇ ਚਲਿਆ ਕਰੋ", ਹਰਿ ਰਾਇ ਜੀ ਨੇ ਸਤਿ-ਬਚਨ ਆਖਿਆ।

ਉਸ ਤੋਂ ਬਾਅਦ ਗੁਰੂ ਹਰਿ ਰਾਇ ਜੀ ਨੇ ਸਾਰੀ ਉਮਰ ਆਪਣੇ ਚੋਲੇ ਨੂੰ ਸੰਭਾਲ ਕੇ ਚਲਣ ਦਾ ਹੁਕਮ ਯਾਦ ਰੱਖਿਆ ਅਤੇ ਪੂਰੀ ਤਰ੍ਹਾਂ ਨਿਭਾਇਆ।

ਪ੍ਰਸ਼ਨ:-

1. ਗੁਰੂ ਹਰਿ ਰਾਇ ਜੀ ਤੋਂ ਬਚਪਨ ਵਿਚ ਕੀ ਨੁਕਸਾਨ ਹੋਇਆ ਸੀ ਅਤੇ ਕਿਸ ਤਰ੍ਹਾਂ ਹੋਇਆ ਸੀ ?

2. ਹਰਿ ਰਾਇ ਜੀ ਨੂੰ ਫੁੱਲ ਟੁੱਟਣ ਤੇ ਕਿਸ ਨੇ ਦੇਖਿਆ ਸੀ ਅਤੇ ਕਿਸਨੇ ਬੁਲਾਇਆ ਸੀ ?

3. ਹਰਿ ਰਾਇ ਜੀ ਨੂੰ ਸਤਿਗੁਰੂ ਹਰਿਗੋਬਿੰਦ ਜੀ ਨੇ ਕੀ ਹੁਕਮ ਕੀਤਾ ਸੀ ?

4. ਹਰਿ ਰਾਇ ਜੀ ਨੇ ਉਹ ਹੁਕਮ ਕਿਸ ਤਰ੍ਹਾਂ ਮੰਨਿਆ ?

ਭਗਵਾਨ ਸ੍ਰੀ ਕ੍ਰਿਸ਼ਨ ਜੀ ਅਤੇ ਸੁਦਾਮਾ

ਸ੍ਰੀ ਕ੍ਰਿਸ਼ਨ ਜੀ ਅਤੇ ਸੁਦਾਮਾ ਸੰਦੀਪਨ ਰਿਸ਼ੀ ਦੇ ਆਸ਼ਰਮ ਵਿੱਚ ਇੱਕਠੇ ਪੜਾਈ ਕਰਦੇ ਸੀ।ਪੜ੍ਹਾਈ ਉਪਰੰਤ ਕ੍ਰਿਸ਼ਨ ਜੀ ਦੁਆਰਕਾ ਦੇ ਰਾਜਾ ਬਣੇ ਅਤੇ ਸੁਦਾਮਾ ਆਪਣੇ ਘਰ ਰਹਿੰਦਿਆਂ ਗਰੀਬੀ ਵਿਚ ਦਿਨ ਕੱਟਣ ਲੱਗਾ। ਸੁਦਾਮੇ ਦੇ ਕਈ ਬੱਚੇ ਸਨ । ਉਹ ਬਹੁਤ ਮੁਸ਼ਕਿਲ ਨਾਲ ਘਰ ਦਾ ਗੁਜ਼ਾਰਾ ਕਰਦਾ।



ਉਸ ਦੀ ਪਤਨੀ ਤੋਂ ਇਹ ਸਭ ਨਹੀਂ ਦੇਖਿਆ ਗਿਆ। ਉਹ ਜਾਣਦੀ ਸੀ ਕਿ ਸੁਦਾਮਾ ਸ੍ਰੀ ਕ੍ਰਿਸ਼ਨ ਜੀ ਦਾ ਬਚਪਨ ਦਾ ਮਿੱਤਰ ਹੈ। ਉਸਨੇ ਆਪਣੇ ਪਤੀ ਸੁਦਾਮੇ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਮਿੱਤਰ ਨੂੰ ਮਿਲਣ ਜਾਵੇ ਅਤੇ ਮਦਦ ਮੰਗੇ ।

ਸੁਦਾਮਾ ਆਪਣੇ ਮਿੱਤਰ ਨੂੰ ਮਿਲਣਾ ਤੇ ਚਾਹੁੰਦਾ ਸੀ ਪਰ ਮਦਦ ਲਈ ਨਹੀਂ, ਸਿਰਫ਼ ਆਪਣੀ ਮਿੱਤਰਤਾ ਦਾ ਆਨੰਦ ਲੈਣ ਲਈ । ਉਹ ਆਪਣੀ ਪੋਟਲੀ ਵਿੱਚ ਥੋੜ੍ਹੇ ਜਿਹੇ ਚੌਲ ਲੈ ਕੇ ਤੁਰ ਪਿਆ ।

ਸ਼੍ਰੀ ਕ੍ਰਿਸ਼ਨ ਜੀ ਨੂੰ ਪਤਾ ਲੱਗਾ ਕਿ ਸੁਦਾਮਾ ਆਇਆ ਹੈ ਤੇ ਉਹ ਦੌੜ ਕੇ ਦਰਵਾਜ਼ੇ 'ਤੇ ਪਹੁੰਚੇ ਅਤੇ ਸੁਦਾਮੇ ਦਾ ਸੁਆਗਤ ਕੀਤਾ । ਉਸਨੂੰ ਆਪਣੇ ਗਲੇ ਲਗਾਇਆ ਅਤੇ ਉਸ ਦੀ ਬਹੁਤ ਸੇਵਾ ਕੀਤੀ । ਸੁਦਾਮਾ ਬਹੁਤ ਹੀ ਸ਼ਰਮਿੰਦਾ ਹੋ ਗਿਆ ਜਦੋਂ ਭਗਵਾਨ ਕ੍ਰਿਸ਼ਨ ਨੇ ਉਸਨੂੰ ਪੁੱਛਿਆ "ਮੇਰੇ ਲਈ ਕੀ ਲੈ ਕੇ ਆਇਆ ਹੈਂ?" ਭਗਵਾਨ ਕ੍ਰਿਸ਼ਨ ਜੀ ਨੇ ਚੌਲਾਂ ਦੀ ਪੋਟਲੀ ਵਿੱਚੋਂ 3 ਮੁੱਠੀ ਚੌਲ ਖਾਧੇ ਅਤੇ ਸੁਦਾਮੇ ਦੇ ਪਰਿਵਾਰ 'ਤੇ ਕਿਰਪਾ ਕੀਤੀ ਅਤੇ ਉਸਦੀ ਗਰੀਬੀ ਦੂਰ ਕਰ ਦਿੱਤੀ । ਸੁਦਾਮਾ ਕੁਝ ਦਿਨ ਆਪਣੇ ਮਿੱਤਰ ਕੋਲ ਰਹਿ ਕੇ ਵਾਪਸ ਘਰ ਆ ਗਿਆ ।ਵਾਪਸ ਆ ਕੇ ਸੁਦਾਮਾ ਹੈਰਾਨ ਰਹਿ ਗਿਆ ਜਦੋਂ ਉਸਨੇ ਦੇਖਿਆ ਕਿ ਝੌਂਪੜੀ ਦੀ ਥਾਂ ਮਹੱਲ ਸੀ ਅਤੇ ਉਸ ਮਹੱਲ ਵਿੱਚ ਬਹੁਤ ਨੌਕਰ ਕੰਮ ਕਰ ਰਹੇ ਸਨ। ਬੱਚਿਆਂ ਅਤੇ ਉਸਦੀ ਪਤਨੀ ਨੇ ਬਹੁਤ ਵਧੀਆ ਕੱਪੜੇ ਪਾਏ ਹੋਏ ਸਨ। ਉਸਦੀ ਪਤਨੀ ਨੇ ਦੱਸਿਆ ਕਿ ਇਹ ਕਿਰਪਾ ਉਸਦੇ ਮਿੱਤਰ ਸ਼੍ਰੀ ਕ੍ਰਿਸ਼ਨ ਜੀ ਨੇ ਕੀਤੀ ਹੈ । ਅਸਲੀ ਮਿੱਤਰਤਾ ਤਾਂ ਇਹ ਹੀ ਹੈ, ਕਿ ਤੁਸੀਂ ਆਪਣੇ ਮਿੱਤਰ ਦੇ ਔਖੇ ਸਮੇਂ ਵੀ ਕੰਮ ਆਉ ।

ਪ੍ਰਸ਼ਨ:-

1. ਸੁਦਾਮਾ ਅਤੇ ਕ੍ਰਿਸ਼ਨ ਬਚਪਨ ਵਿੱਚ ਇੱਕਠੇ ਕੀ ਕਰਦੇ ਸੀ ?

2. ਪੜ੍ਹਾਈ ਉਪਰੰਤ ਦੋਵੇਂ ਕੀ ਕਰਨ ਲੱਗੇ?

3. ਸੁਦਾਮੇ ਦੀ ਪਤਨੀ ਨੇ ਆਪਣੇ ਪਤੀ ਨੂੰ ਕੀ ਕਿਹਾ ?

4. ਕ੍ਰਿਸ਼ਨ ਨੇ ਆਪਣੇ ਮਿੱਤਰ ਦਾ ਸੁਆਗਤ ਕਿਵੇਂ ਕੀਤਾ ?

5. ਸੁਦਾਮਾ ਆਪਣੇ ਮਿੱਤਰ ਲਈ ਕੀ ਭੇਟ ਲੈ ਕੇ ਗਿਆ ਸੀ ?

ਸ਼ੁੱਧ ਪਾਠ ਦੀ ਮਹਾਨਤਾ

ਛੇਵੀਂ ਪਾਤਿਸ਼ਾਹੀ ਗੁਰੂ ਹਰਿਗੋਬਿੰਦ ਜੀ ਆਪਣੇ ਆਸਣ ਤੇ ਬਿਰਾਜਮਾਨ ਸਨ। ਅੱਜ ਜਪੁਜੀ ਸਾਹਿਬ ਦਾ ਪਾਠ ਸੁਣਨ ਨੂੰ ਜੀਅ ਕੀਤਾ। ਸਾਧ ਸੰਗਤ ਨੂੰ ਕਹਿਣ ਲੱਗੇ, "ਕੋਈ ਸਿੱਖ ਸ਼ੁੱਧ ਜਪੁਜੀ ਸਾਹਿਬ ਦਾ ਪਾਠ ਸੁਣਾਵੇ। " ਸੰਗਤ ਵਿਚੋਂ ਗੁਰੂ ਜੀ ਦਾ ਹੁਕਮ ਸੁਣ ਕੇ ਭਾਈ ਗੋਪਾਲਾ ਨਾਮ ਦਾ ਇੱਕ ਸਿੱਖ ਸਾਹਮਣੇ ਆ ਖੜ੍ਹਾ ਹੋਇਆ।

ਸਤਿਗੁਰੂ ਜੀ ਨੇ ਆਪਣੇ ਸਾਹਮਣੇ ਆਸਣ ਤੇ ਸਿੱਖ ਨੂੰ ਬਿਠਾ ਕੇ ਪਾਠ ਆਰੰਭ ਕਰਵਾਇਆ । ਇਹ ਸਿੱਖ ਬੜੇ ਪ੍ਰੇਮ ਨਾਲ, ਸੁੰਦਰ ਲੈਅ ਵਿਚ ਪਾਠ ਕਰ ਰਿਹਾ ਸੀ । ਸਤਿਗੁਰੂ ਜੀ ਅਤੇ ਸਾਰੀ ਸੰਗਤ ਪਾਠ ਸੁਣਕੇ ਪ੍ਰਸੰਨ ਹੋ ਰਹੇ ਸਨ। ਗੁਰੂ ਹਰਿ ਗੋਬਿੰਦ ਜੀ ਆਪਣੇ ਮਨ ਵਿਚ ਵਿਚਾਰ ਕਰਨ ਲੱਗੇ, ਇਸ ਸਿੱਖ ਨੂੰ ਸਭ ਤੋਂ ਉੱਤਮ ਪੁਰਸਕਾਰ ਦੇਣਾ ਚਾਹੀਦਾ ਹੈ ।

ਸੋਚਦੇ-ਸੋਚਦੇ ਇਹ ਨਿਰਣਾ ਕੀਤਾ ਕਿ ਇਸ ਨੂੰ ਗੁਰੂ ਨਾਨਕ ਦੇਵ ਜੀ ਦੀ ਬਖਸ਼ੀ ਹੋਈ ਗੁਰਗੱਦੀ ਦੇ ਦਿੱਤੀ ਜਾਵੇ । ਹੌਲੀ-ਹੌਲੀ ਆਸਣ ਛਡੱਣ ਦੀ ਤਿਆਰੀ ਕਰਨ ਲੱਗੇ ।

ਓਧਰ ਸਿੱਖ ਦੇ ਮਨ ਵਿਚ ਵੀ ਪ੍ਰਸੰਨਤਾ ਵਧਦੀ ਜਾ ਰਹੀ ਸੀ, ਕਿ ਅੱਜ ਮੈਨੂੰ ਕੋਈ ਵਧੀਆ ਇਨਾਮ ਮਿਲੇਗਾ । ਸਾਹਮਣੇ, ਸਤਿਗੁਰੂ ਜੀ ਦੇ ਘੋੜੇ ਬੱਧੇ ਹੋਏ ਸਨ । ਸਿੱਖ ਦੇ ਮਨ ਵਿੱਚ ਆਇਆ ਕਿ ਜੇ ਇੱਕ ਘੋੜਾ ਮਿਲ ਜਾਵੇ ਤਾਂ ਬਹੁਤ ਆਨੰਦ ਆ ਜਾਵੇਗਾ ।

ਸਤਿਗੁਰੂ ਜੀ, ਜੋ ਆਪਣਾ ਆਸਣ ਛੱਡ ਰਹੇ ਸਨ, ਫਿਰ ਆਸਣ ਤੇ ਬੈਠ ਗਏ ਕਿ ਸਿੱਖ ਨੇ ਆਪਣੇ ਮਨ ਪਸੰਦ ਦੀ ਚੀਜ਼ ਆਪ ਹੀ ਮੰਗ ਲਈ ਹੈ ।

ਪਾਠ ਸਮਾਪਤ ਹੁੰਦਿਆਂ ਹੀ ਸਿੱਖ ਨੂੰ ਇੱਕ ਘੋੜਾ ਇਨਾਮ ਵਜੋਂ ਦੇ ਦਿੱਤਾ। ਹੁਕਮ ਕੀਤਾ "ਤੇਰਾ ਪਿਆਰ ਭਰਿਆ ਸ਼ੁਧ ਪਾਠ ਸੁਣਕੇ ਮੈਂ ਤਾਂ ਗੁਰਗੱਦੀ ਦੇਣ ਨੂੰ ਤਿਆਰ ਸੀ।"

ਪ੍ਰਸ਼ਨ:-

1. ਪਾਠ ਸੁਣਾਉਣ ਵਾਲੇ ਸਿੱਖ ਦਾ ਨਾਂ ਕੀ ਸੀ?

2. ਸਿੱਖ ਜਪੁਜੀ ਸਾਹਿਬ ਦਾ ਪਾਠ ਕਿਵੇਂ ਸੁਣਾ ਰਿਹਾ ਸੀ ?

3. ਪਾਠ ਸੁਣਦਿਆਂ ਸਤਿਗੁਰੂ ਜੀ ਦੇ ਮਨ ਵਿੱਚ ਕੀ ਵਿਚਾਰ ਆਇਆ ?


4. ਪਾਠ ਕਰਦਿਆਂ ਸਿੱਖ ਦੇ ਮਨ ਵਿੱਚ ਕੀ ਵਿਚਾਰ ਆਇਆ ?

5. ਸਿੱਖ ਨੂੰ ਪਿਆਰ ਭਰਿਆ ਜਪੁਜੀ ਸਾਹਿਬ ਦਾ ਪਾਠ ਸੁਣਾਉਣ ਤੇ ਕੀ ਇਨਾਮ ਦਿੱਤਾ ਗਿਆ ?

6. ਸਤਿਗੁਰੂ ਜੀ ਨੇ ਅੰਤ ਵਿੱਚ ਕੀ ਹੁਕਮ ਕੀਤਾ ?

ਮਾਤਾ ਭੁਪਿੰਦਰ ਕੌਰ ਜੀ

ਸਤਿਗੁਰੂ ਪ੍ਰਤਾਪ ਸਿੰਘ ਜੀ ਦੌਰੇ 'ਤੇ ਗਏ ਹੋਏ ਸਨ। ਪਿੱਛੇ ਮਾਤਾ ਭੁਪਿੰਦਰ ਕੌਰ ਜੀ ਡੇਰੇ ਦੀ ਜ਼ਿੰਮੇਵਾਰੀ ਨਿਭਾ ਰਹੇ ਸਨ। ਸਤਿਗੁਰੂ ਜੀ ਦੇ ਉੱਥੇ ਨ ਹੋਣ ਕਰਕੇ ਲੰਗਰ ਵਿੱਚ ਰਸਤਾਂ ਦੀ ਕਮੀ ਆ ਗਈ ਸੀ। ਲੰਗਰ ਹੌਲੀ-ਹੌਲੀ ਮਸਤਾਨਾ ਹੁੰਦਾ ਜਾ ਰਿਹਾ ਸੀ। ਬਾਬੇ ਜੋਤਾ ਸਿੰਘ ਅਤੇ ਸੰਤ ਮੋਹਣ ਸਿੰਘ ਜੀ ਨੇ ਮਾਤਾ ਜੀ ਦੇ ਚਰਨਾਂ ਵਿੱਚ ਜਾ ਕੇ ਅਰਜ਼ ਕੀਤੀ, "ਮਾਤਾ ਜੀ! ਲੰਗਰ ਕਈ ਦਿਨਾਂ ਤੋ ਮਸਤ ਚਲ ਰਿਹਾ ਹੈ। ਮਾਤਾ ਜੀ ਨੇ ਅਰਜ਼ ਸੁਣੀ ਤੇ ਮੁਸਕਰਾ ਕੇ ਬਚਨ ਕੀਤਾ- ਮੇਰੇ ਕੋਲ ਇਹ ਮੁੰਦਰੀ ਹੈ ਤੇ ਏਹ ਤੁਸੀਂ ਲੈ ਜਾਓ। ਇਹਨੂੰ ਵੇਚਕੇ ਲੰਗਰ ਲਈ ਰਸਤਾਂ ਲੈ ਆਓ।"



ਸੰਤ ਮੋਹਣ ਸਿੰਘ ਜੀ ਨੇ ਅਰਜ਼ ਕੀਤੀ ਕਿ "ਮਾਤਾ ਜੀ! ਮੁੰਦਰੀ ਹੱਥੋਂ ਲਾਹੁਣੀ ਠੀਕ ਨਹੀਂ, ਆਪ ਜੀ ਕਿਸੇ ਹੋਰ ਢੰਗ ਨਾਲ ਮਾਇਆ ਦੀ ਕਿਰਪਾ ਕਰੋ"। ਮਾਤਾ ਜੀ ਨੇ ਕਿਹਾ, "ਇਹ ਮੁੰਦਰੀ ਜੇ ਸਾਧਾਂ ਸੰਤਾਂ ਦੇ ਲੇਖੇ ਲੱਗ ਜਾਵੇ ਤਾਂ ਇਸ ਤੋਂ ਹੋਰ ਚੰਗੀ ਵਰਤੋਂ ਇਸ ਦੀ ਕੀ ਹੋ ਸਕਦੀ ਹੈ? ਤੁਸੀਂ ਮੁੰਦਰੀ ਲੈ ਜਾਓ ਤੇ ਕਿਸੇ ਸੁਨਿਆਰੇ ਨੂੰ ਵੇਚ ਕੇ ਰਸਤਾਂ ਮੰਗਵਾ ਲਉ।" ਇਸ ਤਰ੍ਹਾਂ ਕਹਿ ਕੇ ਮਾਤਾ ਜੀ ਨੇ ਮੁੰਦਰੀ ਸੰਤਾਂ ਦੀ ਝੋਲੀ ਵਿੱਚ ਸੁੱਟ ਦਿੱਤੀ ਤੇ ਸੰਤ ਖੁਸ਼ੀਆਂ ਦੇ ਨਾਲ ਲਹਿਰਾਉਂਦੇ ਹੋਏ ਲੰਗਰ ਵਿੱਚ ਆ ਗਏ।

ਮੁੰਦਰੀ ਵੇਚ ਕੇ ਰਸਤ ਮੰਗਵਾ ਲਈ ਗਈ ਅਤੇ 15 ਕੁ ਦਿਨਾਂ ਵਾਸਤੇ ਰਸਤ ਵੱਲੋਂ ਬੇਫ਼ਿਕਰੀ ਹੋ ਗਈ । ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਦੌਰੇ ਤੋਂ ਵਾਪਿਸ ਆਏ ਤਾਂ ਆਪ ਜੀ ਨੂੰ ਮਾਤਾ ਭੁਪਿੰਦਰ ਕੌਰ ਜੀ ਦੇ ਮੁੰਦਰੀ ਦੇਣ ਬਾਰੇ ਪਤਾ ਲੱਗਾ ਤਾਂ ਆਪ ਜੀ ਬਹੁਤ ਪ੍ਰਸੰਨ ਹੋਏ ਅਤੇ ਮਾਤਾ ਜੀ ਨੂੰ ਖੁਸ਼ੀਆਂ ਬਖ਼ਸ਼ੀਆਂ ।

ਖਾਲੀ ਸਥਾਨ ਭਰੋ–

1. ____________ ਜੀ ਨੇ ਡੇਰੇ ਦੀ ਜਿੰਮੇਵਾਰੀ ਸੰਭਾਲੀ ਸੀ ।

2. ਲੰਗਰ ਹੌਲੀ–ਹੌਲੀ ______________ ਹੁੰਦਾ ਜਾ ਰਿਹਾ ਸੀ ।

3. ___________ ਅਤੇ ____________ ਨੇ ਮਾਤਾ ਭੁਪਿੰਦਰ ਕੌਰ ਜੀ ਦੇ ਚਰਨਾਂ ਵਿੱਚ ਰਸਤ ਲਈ ਅਰਜ ਕੀਤੀ ।

4. ਮਾਤਾ ਜੀ ਹੁਕਮ ਕੀਤਾ, "ਮੇਰੇ ਕੋਲ ਇਹ ਇਕ ___________ ਹੈ, ਲੈ ਜਾਉ"।

5. ਮਾਤਾ ਜੀ ਨੇ ਮੁੰਦਰੀ ਸੰਤਾਂ ਦੀ __________ ਵਿੱਚ ਸੁੱਟ ਦਿੱਤੀ ।

6. 15 ਦਿਨ ਵਾਸਤੇ ਰਸਤ ਵਲੋਂ __________ ਹੋ ਗਈ ।

ਸ਼ਬਦ

ਖਿਆਲ ਪਾਤਿਸ਼ਾਹੀ ੧੦

ਮਿਤ੍ਰ ਪਿਆਰੇ ਨੂੰ ਹਾਲ ਫਕੀਰਾਂ ਦਾ ਕਹਿਣਾ ॥

ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ, ਨਾਗ ਨਿਵਾਸਾਂ ਦੇ ਰਹਿਣਾ ॥

ਸੂਲ ਸੁਰਾਹੀ, ਖੰਜਰੁ ਪਿਆਲਾ, ਬਿੰਗ ਕਸਾਈਆਂ ਦਾ ਸਹਿਣਾ ॥

ਯਾਰੜੇ ਦਾ ਸਾਨੂੰ ਸੱਥਰੁ ਚੰਗਾ, ਭੱਠ ਖੇੜਿਆਂ ਦਾ ਰਹਿਣਾ ॥੧॥੧॥

ਸ਼ਬਦ

ਕਾਨੜਾ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ॥

ਨਾਰਾਇਨ ਨਰਪਤਿ ਨਮਸਕਾਰੈ ॥

ਐਸੇ ਗੁਰ ਕਉ ਬਲਿ ਬਲਿ ਜਾਈਐ, ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥

ਕਵਨ ਕਵਨ ਕਵਨ ਗੁਨ ਕਹੀਐ, ਅੰਤੁ ਨਹੀ ਕਛੁ ਪਾਰੈ ॥

ਲਾਖ ਲਾਖ ਲਾਖ ਕਈ ਕੋਰੈ, ਕੋ ਹੈ ਐਸੋ ਬੀਚਾਰੈ ॥੧॥

ਬਿਸਮ ਬਿਸਮ ਬਿਸਮ ਹੀ ਭਈ ਹੈ, ਲਾਲ ਗੁਲਾਲ ਰੰਗਾਰੈ ॥

ਕਹੁ ਨਾਨਕ ਸੰਤਨ ਰਸੁ ਆਈ ਹੈ, ਜਿਉ ਚਾਖਿ ਗੂੰਗਾ ਮੁਸਕਾਰੈ ॥੨॥੧॥੨੦॥

ਪੰਜ ਪਿਆਰੇ

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰੇ

ਭਾਈ ਦਇਆ ਸਿੰਘ

ਭਾਈ ਧਰਮ ਸਿੰਘ

ਭਾਈ ਹਿੰਮਤ ਸਿੰਘ

ਭਾਈ ਮੁਹਕਮ ਸਿੰਘ

ਭਾਈ ਸਾਹਿਬ ਸਿੰਘ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪੰਜ ਪਿਆਰੇ

ਭਾਈ ਕਾਹਨ ਸਿੰਘ ਨਿਹੰਗ

ਭਾਈ ਲਾਭ ਸਿੰਘ ਰਾਗੀ

ਭਾਈ ਆਤਮਾ ਸਿੰਘ

ਭਾਈ ਨੈਣਾ ਸਿੰਘ

ਭਾਈ ਸੁਧ ਸਿੰਘ

ਕਵਿਤਾ

ਇਹੋ ਸ਼ੁਭ ਸੰਦੇਸ਼

ਮੈਂ ਅੰਮ੍ਰਿਤ ਘੁੱਟਾਂ ਪੀਤੀਆਂ
ਮੇਰੇ ਅੰਮ੍ਰਿਤ ਭਿੱਜੇ ਕੇਸ
ਮੈਂ ਪੁੱਤਰ ਮਾਂ ਪੰਜਾਬੀ ਦਾ
ਮੇਰਾ ਪਿਤਾ ਗੁਰੂ ਦਸਮੇਸ਼
ਸਾਡੇ ਸਤਿਗੁਰ ਨਾਨਕ ਦੇਵ ਦਾ
ਇਹੋ ਸ਼ੁਭ ਸੰਦੇਸ਼
ਸੁੱਖੀ ਵਸੇ ਸੰਸਾਰ ਸਭ
ਵਧੇ ਫੁੱਲੇ ਮੇਰਾ ਦੇਸ

ਵਧਾਈ ਏ

ਸੋਹਣਿਆਂ ਦੇ ਸੋਹਣੇ ਸੁਲਤਾਨ ਗੁਰੂ ਰਾਮ ਸਿੰਘ,
ਰੱਬੀ ਜੋਤ ਸ੍ਰੀ ਭੈਣੀ ਸਾਹਿਬ ਪ੍ਰਗਟਾਈ ਏ।
ਸਦਾ ਕੌਰ ਮਾਤਾ ਪਿਤਾ ਜੱਸਾ ਸਿੰਘ ਜੀ ਦੇ ਘਰ
ਅਰਸ਼ਾਂ ਦੀ ਮੂਰਤੀ ਧਰਾ 'ਤੇ ਚੱਲ ਆਈ ਏ।
ਪੰਚਮੀਂ ਪਿਆਰੀ ਦੀ ਨਿਆਰੀ ਸ਼ਾਨ ਅੱਜ ਹੋਈ
ਪਹਿਨ ਕੇ ਬਸੰਤੀ ਸਾੜ੍ਹੀ ਫੁੱਲੀ ਨਾ ਸਮਾਈਏ।
ਪ੍ਰਗਟੇ ਗੋਪਾਲ ਲਾਲ ਸਤਿਗੁਰੂ ਰਾਮ ਸਿੰਘ
ਨਾਮਧਾਰੀ ਪੰਥ ਨੂੰ ਵਧਾਈ ਏ! ਵਧਾਈ ਏ!

ਹੋਰ ਭਾਈ ਕੋਈ ਮੰਦਾ ਫਿਕਾ ਬੀ
ਬੋਲੇ ਤਾ ਬੀ ਸਿੰਘ ਨੂ
ਧੀਰਜ ਕਰਨੀ ਚਾਹੀਦੀ ਹੈ।
ਛੇਤੀ ਹੀ ਗਲ ਨਹੀ ਪੈ ਜਾਣਾ ਚਾਹੀਦਾ।

ਹੁਕਮ–
ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਗੁਰੂ ਨਾਨਕ ਦਾ ਮਿਸ਼ਨ
ਹਿੰਸਾ ਦਾ ਤਿਆਗ, ਮਨ, ਬਾਣੀ,
ਸਰੀਰ ਕਰਕੇ ਭੁੱਖੇ ਨੂੰ ਰੋਟੀ,
ਨੰਗੇ ਨੂੰ ਕੱਪੜਾ, ਗਊ ਤੇ ਗਰੀਬ
ਦੀ ਰੱਖਿਆ ਕਰਨਾ ਹੈ।

ਉਪਦੇਸ਼–
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ